# ਪੰਜਾਬ ਸਰਕਾਰ, ਸਿੱਖਿਆ ਵਿਭਾਗ
## ਦਫ਼ਤਰ ਸਪੈਸ਼ਲ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ
## ਡਾਇਰੈਕਟਰ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ
## ਐਸ.ਸੀ.ਓ. 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

**ਸੇਵਾ ਵਿਖੇ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)**
**ਪੰਜਾਬ।**
**ਮੀਮੋ ਨੰ: ਡਿਪਟੀ ਐਸ.ਪੀ.ਡੀ./ਆਰ.ਐਮ.ਐਸ.ਏ./2010/41386**
**ਮਿਤੀ , ਚੰਡੀਗੜ੍ਹ : 09-06-2010**

**ਵਿਸ਼ਾ :** **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਪੰਜਾਬ ਤਹਿਤ ਸਰਕਾਰੀ ਹਾਈ/ਸੈਕੰਡਰੀ ਸਕੂਲਾਂ ਵਾਸਤੇ ਸਕੂਲ ਮੈਨੇਜਮੈਂਟ ਕਮੇਟੀਆਂ ਅਧੀਨ ਸਬ-ਕਮੇਟੀਆਂ 'ਸਕੂਲ ਬਿਲਡਿੰਗ ਕਮੇਟੀ' ਅਤੇ 'ਸਕੂਲ ਅਕਾਦਮਿਕ ਕਮੇਟੀ' ਦੀ ਰਚਨਾ ਕਰਨ ਲਈ ਗਾਇਡ-ਲਾਇਨਜ਼।**

**ਹਵਾਲਾ :** **ਇਸ ਦਫ਼ਤਰ ਵੱਲੋਂ ਜਾਰੀ ਮੀਮੋ ਨੰ: 4/25-DGSE/RMSA/3302-3321 ਮਿਤੀ ਚੰਡੀਗੜ੍ਹ : 25-01-2010 ਦੇ ਸੰਬੰਧ ਵਿੱਚ।**

1.0 ਉਕਤ ਵਿਸ਼ੇ ਅਤੇ ਹਵਾਲੇ ਦੀ ਲਗਾਤਾਰਤਾ ਵਿੱਚ ਲਿਖਿਆ ਜਾਂਦਾ ਹੈ ਕਿ **ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ** ਤਹਿਤ ਹਰੇਕ ਸਰਕਾਰੀ ਹਾਈ/ਸੈਕੰਡਰੀ ਸਕੂਲ ਵਿੱਚ ਸਥਾਪਤ ਕੀਤੀ ਗਈ **ਸਕੂਲ ਮੈਨੇਜਮੈਂਟ ਕਮੇਟੀ** ਅਧੀਨ ਦੋ ਸਬ-ਕਮੇਟੀਆਂ **'ਸਕੂਲ ਬਿਲਡਿੰਗ ਕਮੇਟੀ'** ਅਤੇ **'ਸਕੂਲ ਅਕਾਦਮਿਕ ਕਮੇਟੀ'** ਦੀ ਤੁਰੰਤ ਸਥਾਪਨਾ ਕੀਤੀ ਜਾਵੇ।

2.0 ਸਕੂਲ ਮੁੱਖੀ ਅਤੇ ਸੀਨੀਅਰ ਅਧਿਆਪਕ ਕ੍ਰਮਵਾਰ **'ਸਕੂਲ ਬਿਲਡਿੰਗ ਕਮੇਟੀ'** ਅਤੇ **'ਸਕੂਲ ਅਕਾਦਮਿਕ ਕਮੇਟੀ'** ਦੇ ਮੁੱਖੀ ਹੋਣਗੇ।

3.0 **'ਸਕੂਲ ਬਿਲਡਿੰਗ ਕਮੇਟੀ'** ਚਾਰ ਮੈਂਬਰੀ ਹੋਵੇਗੀ ਅਤੇ ਇਨ੍ਹਾਂ ਮੈਂਬਰਾਂ ਦੀ ਚੋਣ ਸੰਬੰਧਤ **ਸਕੂਲ ਮੈਨੇਜਮੈਂਟ ਕਮੇਟੀ** ਵੱਲੋਂ ਮਤਾ ਪਾ ਕੇ SMC ਦੇ Non-official Members ਵਿਚੋਂ ਤਿੰਨ ਮੈਂਬਰ ਅਤੇ Exofficio Members ਵਿਚੋਂ ਇਕ ਅਧਿਆਪਕ ਨੂੰ ਮੈਂਬਰ ਵਜੋਂ ਲੈ ਕੇ ਇਸ ਸਬ-ਕਮੇਟੀ ਦੀ ਰਚਨਾ ਕੀਤੀ ਜਾਵੇ।ਇਹ ਸਬ-ਕਮੇਟੀ ਸਕੂਲ ਬਿਲਡਿੰਗ ਦੇ ਵਿਕਾਸ ਨਾਲ ਜੁੜੇ ਕਾਰਜਾਂ ਸੰਬੰਧੀ ਯੋਜਨਾਬੰਦੀ, ਅੰਦਾਜ਼ਨ-ਲਾਗਤ, ਪ੍ਰਬੰਧ,

ਮੋਨੀਟਰਿੰਗ-ਸੁਪਰਵੀਜਨ, ਆਰ.ਐਮ.ਐਸ.ਏ. ਤਹਿਤ ਸਕੂਲ ਨੂੰ ਮਿਲੀਆਂ ਗਰਾਂਟਾਂ ਦੇ ਰਿਕਾਰਡ ਦੇ ਰੱਖ-ਰਖਾਵ ਸੰਬੰਧੀ ਸੰਬੰਧਤ ਸਕੂਲ ਮੁੱਖੀ ਅਤੇ ਸਕੂਲ ਮੈਨੇਜਮੈਂਟ ਕਮੇਟੀ ਨੂੰ ਪੂਰਾ ਸਹਿਯੋਗ ਦੇਵੇਗੀ ਅਤੇ ਇਨ੍ਹਾਂ ਕਾਰਜਾਂ ਪ੍ਰਤੀ ਜਵਾਬਦੇਹ ਹੋਵੇਗੀ।

4.0 **ਸਕੂਲ ਅਕਾਦਮਿਕ ਕਮੇਟੀ** ਵੀ ਤਿੰਨ ਮੈਂਬਰੀ ਹੋਵੇਗੀ, ਜਿਸ ਦੇ ਮੈਂਬਰ ਸਕੂਲ ਮੈਨੇਜਮੈਂਟ ਕਮੇਟੀ ਦੇ Exofficio Members ਹੋਣਗੇ।ਇਹਨਾਂ ਮੈਂਬਰਾਂ ਵਿੱਚੋਂ ਸਭ ਤੋਂ ਸੀਨੀਅਰ ਅਧਿਆਪਕ ਇਸ ਸਬ-ਕਮੇਟੀ ਦਾ ਮੁੱਖੀ ਹੋਵੇਗਾ।ਇਸ ਸਬ-ਕਮੇਟੀ ਵੱਲੋਂ ਸਕੂਲ ਦੇ ਹੋਰ ਅਧਿਆਪਕਾਂ ਦੇ ਸਹਿਯੋਗ ਨਾਲ ਅਤੇ ਵਿਦਿਆਰਥੀਆਂ ਨਾਲ ਸਮੇਂ-ਸਮੇਂ ਲੋੜ ਅਨੁਸਾਰ ਮੀਟਿੰਗਾਂ ਕਰਦੇ ਹੋਏ ਸਕੂਲ ਦੇ ਅਕਾਦਮਿਕ ਪੱਧਰ ਨੂੰ ਉਚਾ ਚੁੱਕਣ ਲਈ ਵਿਸ਼ੇਸ਼ ਯਤਨ ਕੀਤੇ ਜਾਣਗੇ।

5.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨੂੰ ਬੇਨਤੀ ਹੈ ਕਿ ਕ੍ਰਿਪਾ ਕਰਕੇ ਯਕੀਨੀ ਬਣਾਉਣ ਕਿ ਹਰੇਕ ਸਰਕਾਰੀ ਹਾਈ/ਸੈਕੰਡਰੀ ਸਕੂਲ ਦੀ ਸਕੂਲ ਮੈਨੇਜਮੈਂਟ ਕਮੇਟੀ ਅਧੀਨ ਦੋ ਸਬ-ਕਮੇਟੀਆਂ **'ਸਕੂਲ ਬਿਲਡਿੰਗ ਕਮੇਟੀ'** ਅਤੇ **'ਸਕੂਲ ਅਕਾਦਮਿਕ ਕਮੇਟੀ'** ਦੀ ਬਣਤਰ ਦਾ ਕੰਮ ਮਿਤੀ 15-06-2010 ਤੱਕ ਹਰ ਹਾਲਤ ਵਿੱਚ ਪੂਰਾ ਹੋ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ, ਚੰਡੀਗੜ੍ਹ।**

ਪਿੱਠ ਅੰਕਣ ਨੰ: **ਡਿ.ਐਸ.ਪੀ.ਡੀ/ਆਰ.ਐਮ.ਐਸ.ਏ/2010/ ਉਕਤ ਮਿਤੀ, ਚੰਡੀਗੜ੍ਹ : 09-06-2010**

**ਉਤਾਰਾ ਸਮੂਹ ਸਰਕਾਰੀ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀਆਂ ਨੂੰ ਲੋੜੀਂਦੀ ਕਾਰਵਾਈ ਹਿੱਤ (ਵੈਬਸਾਇਟ ਰਾਹੀਂ)।**

**ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ, ਚੰਡੀਗੜ੍ਹ।**